# ਨਕਲ ਫਰਮਾਨ ਸ਼ਾਹੀ ਮਿਤੀ 18 ਅਪ੍ਰੈਲ 1921 ਈਸਵੀ:

ਅਜ਼ ਇਜਲਾਸ ਖਾਸ

ਮੰਨਜੂਰ ਹੈ । ਔਰ ਅੱਗੇ ਵਾਸਤੇ ਹਦਾਇਤ ਕੀਤੀ ਜਾਵੇ, ਕਿ ਜਦ ਤੀਕ ਕਿਸੇ ਮਹੰਤ ਦਾ ਤਕੱਰਰਮਾਰਫਤ ਡਿਓਢੀ ਮੁਅਲਾ, ਇਜਲਾਸ ਖਾਸ ਤੋਂ ਮੰਨਜੂਰ ਨਾ ਹੋ ਜਾਵੇ, ਤਦ ਤੀਕ ਕਿਸੇ ਮਹੰਤ ਦੇ ਨਾਮ ਜਿਸ ਨੂੰ ਸ੍ਰਕਾਰ ਵਾਲਾ ਸੇ ਦਸਤਾਰ ਦੋਸਾਲਾ ਦਾ ਕੋਈ ਬੰਧਾਕ ਯਾ ਮੁਆਫੀ ਆਦਿਕ ਮਿਲਣ ਦਾ ਅਧਿਕਾਰ ਹੈ, ਕੋਈ ਅਰਾਜੀ ਯਾ ਮੁਆਫੀ ਦਾਖਲ ਖਾਰਜ ਨ ਕੀਤੀ ਜਾਵੇ ।

ਅਰ ਇਹ ਭੀ ਦਰਜ ਕੀਤਾ ਜਾਵੇ, ਕਿ ਜੋ ਅਰਾਜੀਅਤ ਕਿਸੀ ਡੇਰੇ ਦੇ ਮੁਤਅਲਕ ਹਨ, ਉਹ ਕਿਸੇ ਮਹੰਤ ਦੀ ਮਲਕੀਅਤ ਨਾ ਸਮਝੀ ਜਾਵੇ, ਨਾ ਕਾਗਜਾਤ ਸ੍ਰਕਾਰੀ ਵਿੱਚ ਮਹੰਤ ਦੀ ਮਲਕੀਅਤ ਦਰਜ ਕੀਤੀ ਜਾਵੇ, ਬਲਕਿ ਮਲਕੀਅਤ ਡੇਰਾ ਬਾਇਤਮਾਮ ਮਹੰਤ ਦਰਜ ਕੀਤੀਆਂ ਜਾਣ । ਮਹੰਤਾਨ ਨੂੰ ਡੇਰੇ ਦੀ ਆਰਜੀਅਤ ਹੈ ਪਰ ਰਹਿਨ ਕਰਨੇ ਦਾ ਅਖਤਿਆਰ ਨਹੀਂ ਹੋਗਾ ।

ਮਹਿਕਮਾ ਰੈਵਨਿਊ ਵਿਚ ਭੀ ਇਸ ਦੀ ਇਤਲਾਹ ਦਿਤੀ ਜਾਵੇ ਅਰ ਗਜ਼ਟ ਵਿੱਚ ਇਹ ਹੁਕਮ ਸ਼ਾਯਾ ਕੀਤਾ ਜਾਵੇ ।। 18-4-1921 ਈ:

| | |
|---|---|
| Sd/-Daya Kishan Kaul | ਪ੍ਰਾਇਮ ਮਨਿਸਟਰ |
| Nihal Singh | ਜੋਡੀਸ਼ਲ ਮਨਿਸਟਰ |
| Raghunath Singh | ਹੋਮ ਮਨਿਸਟਰ |
| Gokal Chand | ਫੋਰਨ ਮਨਿਸਟਰ |
| Dalip Singh | ਰੈਵਿਨਿਊ ਸੈਕਟਰੀ |
| Rala Ram - | ਚੀਫ ਇੰਜੀਨੀਅਰ |

ਉਤਾਰਾ ਸ਼ੁਧ ਹੈ

ਸਰਦਾਰ ਸਾਹਿਬ ਡਿਉਢੀ ਮੁਅੱਲਾ,

(ਐਲ.ਐਸ.ਸੰਧੂ)10/ਪਟਿਆਲਾ ।